# ਅਤਿ ਜ਼ਰੂਰੀ ਕਾਰਜਾਂ ਦੀ ਸੁਰੱਖਿਆ, ਭਵਿੱਖ ਲਈ ਉਸਾਰੀ

Punjabi

## ਸਤੰਬਰ ਬਜਟ ਅਪਡੇਟ 2009 ਦੇ ਮੁੱਖ ਅੰਸ਼

# Protecting Vital Services, Building for the Future

## SEPTEMBER BUDGET UPDATE 2009 HIGHLIGHTS

*ਸਾਡੇ ਸੂਬੇ ਅਤੇ ਸਾਡੇ ਲੋਕਾਂ ਵਿੱਚ ਅਜ਼ੀਮ ਤਾਕਤ ਹੈ। ਹਾਲਾਤ ਠੀਕ ਹੋਣ ਦੀਆਂ ਨਿਸ਼ਾਨੀਆਂ ਨਜ਼ਰ ਪੈਣ ਦਾ ਮਤਲਬ ਹੈ ਹੁਣ ਸਮਾਂ ਹੈ ਸਾਨੂੰ ਉਸ ਚੜ੍ਹਦੀ ਕਲਾ ਅਤੇ ਮਾਣ ਨੂੰ ਨਵਿਆਉਣ ਅਤੇ ਨਵਾਂ ਜੋਸ਼ ਵਿਖਾਲਣ ਦਾ ਜੋ ਹਮੇਸ਼ਾ ਹੀ ਬ੍ਰਿਟਿਸ਼ ਕੋਲੰਬੀਆ ਦਾ ਹਿੱਸਾ ਰਿਹਾ ਹੈ।*

## ਬਜਟ ਦਾ ਸਾਰ

ਬਜਟ ਅਪਡੇਟ ਰਾਹੀਂ ਅਜਿਹੇ ਕਾਰਜਾਂ ਨੂੰ ਸੁਰੱਖਿਅਤ ਕੀਤਾ ਜਾਣਾ ਜਾਰੀ ਹੈ ਜਿਨਾਂ ਉੱਤੇ ਬ੍ਰਿਟਿਸ਼ ਕੋਲੰਬੀਆ ਵਾਸੀ ਨਿਰਭਰ ਕਰਦੇ ਹਨ ਅਤੇ ਸਿਹਤ, ਵਿੱਦਿਆ, ਅਤੇ ਸਮਾਜਿਕ ਸੇਵਾਵਾਂ ਪ੍ਰਤੀ ਸਰਕਾਰ ਦੇ ਇਰਾਦੇ ਦੀ ਪਕਿਆਈ ਵੀ ਦੁਹਰਾਈ ਜਾ ਰਹੀ ਹੈ। ਇਹ ਸਾਡੀਆਂ ਖੂਬੀਆਂ ਨੂੰ ਹੋਰ ਵਧਾਉਂਦਾ ਅਤੇ ਵਡੇਰੀ ਖੁਸ਼ਹਾਲੀ ਵੱਲ ਜਾਂਦਾ ਰਾਸਤਾ ਉਲੀਕਦਾ ਹੈ। ਅਤਿ ਜ਼ਰੂਰੀ ਕਾਰਜਾਂ ਦੀ ਸਲਾਮਤੀ ਲਈ ਬੀ.ਸੀ. ਸਰਕਾਰ ਨੇ 2009/10 ਵਿੱਚ $2.8 ਬਿਲੀਅਨ ਦਾ, 2010/11 ਵਿੱਚ $1.7 ਬਿਲੀਅਨ ਦਾ ਅਤੇ 2011/12 ਵਿੱਚ $945 ਮਿਲੀਅਨ ਦਾ ਆਰਜ਼ੀ ਘਾਟਾ ਪਾਉਣ ਦਾ ਫੈਸਲਾ ਲਿਆ ਹੈ।

**ਬਜਟ ਅਪਡੇਟ ਹੇਠ ਲਿਖਿਆਂ ਮੁੱਦਿਆਂ ’ਤੇ ਧਿਆਨ ਕੇਂਦ੍ਰਿਤ ਕਰਦਾ ਹੈ:**

» ਔਖੇ ਆਰਥਿਕ ਹਾਲਾਤ ਦੌਰਾਨ ਅਤਿ ਜ਼ਰੂਰੀ ਕਾਰਜਾਂ ਨੂੰ ਕਾਇਮ ਰੱਖਣਾ।

» ਆਰਥਿਕਤਾ ਨੂੰ ਉਤਸ਼ਾਹਿਤ ਕਰਨਾ ਅਤੇ ਰੁਜ਼ਗਾਰ ਪੈਦਾ ਕਰਨਾ।

» ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਅਤੇ ਬੀ.ਸੀ. ਨੂੰ ਵਧੇਰੇ ਪ੍ਰਤੀਯੋਗੀ ਬਣਾਉਣਾ।

ਸਾਨੂੰ ਪੇਸ਼ ਅਨੇਕਾਂ ਆਰਥਿਕ ਮੁਸ਼ਕਲਾਂ ਦੇ ਬਾਵਜੂਦ ਬੀ.ਸੀ. ਸਰਕਾਰ ਸੂਬੇ ਨੂੰ ਮੁੜ-ਸੁਰਜੀਤ ਹੋਏ ਆਰਥਿਕ ਮੌਕਿਆਂ ਅਤੇ ਸਲਾਮਤੀ ਦੇ ਭਵਿੱਖ ਲਈ ਕਾਇਮ ਰੱਖਣ ਵਾਸਤੇ ਕਦਮ ਚੁੱਕ ਰਹੀ ਹੈ।

## ਅਤਿ ਜ਼ਰੂਰੀ ਕਾਰਜਾਂ ਨੂੰ ਸਲਾਮਤ ਰੱਖਣਾ

ਸਰਕਾਰ ਵੱਲੋਂ ਸਿਹਤ, ਵਿੱਦਿਆ ਅਤੇ ਸਮਾਜਿਕ ਸੇਵਾਵਾਂ ਉੱਤੇ ਕੀਤਾ ਜਾਣ ਵਾਲਾ ਖ਼ਰਚ ਸੂਬੇ ਦੇ ਸਾਲਾਨਾ ਬਜਟ ਦੇ ਤਕਰੀਬਨ 75 ਪ੍ਰਤੀਸ਼ਤ ਦੀ ਨੁਮਾਇੰਦਗੀ ਕਰਦਾ ਹੈ ਅਤੇ ਹਰ ਸਾਲ ਇਸ ਵਿੱਚ ਵਾਧਾ ਜਾਰੀ ਹੈ।

» ਬਜਟ ਅਪਡੇਟ ਉਨਾਂ ਅਤਿ ਜ਼ਰੂਰੀ ਕਾਰਜਾਂ ਨੂੰ ਸੁਰੱਖਿਅਤ ਕਰਦਿਆਂ ਜਿਨਾਂ ਉੱਤੇ ਬ੍ਰਿਟਿਸ਼ ਕੋਲੰਬੀਆ ਵਾਸੀ ਨਿਰਭਰ ਕਰਦੇ ਹਨ, ਮਜ਼ਬੂਤ ਭਵਿੱਖ ਦੀ ਉਸਾਰੀ ਕਰਦਾ ਹੈ।

» ਸਿਹਤ ਸੇਵਾਵਾਂ ਲਈ ਦਿੱਤੇ ਜਾਂਦੇ ਧਨ ਵਿੱਚ ਤਿੰਨ ਸਾਲਾਂ ਦੌਰਾਨ 18 ਪ੍ਰਤੀਸ਼ਤ ਦਾ ਵਾਧਾ ਹੋਵੇਗਾ। ਸੰਨ 2011/12 ਤਕ ਮਨਿਸਟਰੀ ਆਫ਼ ਹੈਲਥ ਸਰਵਿਸਿਜ਼ (Ministry of Health Services) ਨੂੰ ਦਿੱਤਾ ਜਾਂਦਾ ਕੁੱਲ ਧਨ ਵਧ ਕੇ $15.7 ਬਿਲੀਅਨ ਤਕ ਪਹੁੰਚ ਜਾਵੇਗਾ।

» ਸੰਨ 2009/10 ਵਿੱਚ ਪ੍ਰਤੀ ਵਿਦਿਆਰਥੀ $8,206 ਧਨ ਦੇਣ ਰਾਹੀਂ ਬਜਟ ਅਪਡੇਟ ਕਿੰਡਰਗਾਰਟਨ (ਬਾਲਵਾੜੀ) ਤੋਂ ਗਰੇਡ 12 ਤਕ ਦੀ ਵਿੱਦਿਆ ਦੀ ਮਜ਼ਬੂਤ ਹਿਮਾਇਤ ਕਰਦਾ ਹੈ।

» ਆਰਥਿਕ ਮੰਦਵਾੜੇ ਕਾਰਣ ਆਮਦਨ ਵਿੱਚ ਮਦਦ ਦੀ ਵਧੇਰੇ ਮੰਗ ਪੂਰੀ ਕਰਨ ਲਈ ਲੋੜਵੰਦ ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਬਜਟ ਅਪਡੇਟ $420 ਮਿਲੀਅਨ ਪ੍ਰਦਾਨ ਕਰਦਾ ਹੈ।

BRITISH COLUMBIA
The Best Place on Earth

*ਉਨਾਂ ਜਨਤਕ ਕਾਰਜਾਂ ਨੂੰ ਸਲਾਮਤ ਰੱਖਣ ਲਈ ਜਿਨਾਂ ਉੱਤੇ ਬ੍ਰਿਟਿਸ਼ ਕੋਲੰਬੀਆ ਵਾਸੀ ਨਿਰਭਰ ਕਰਦੇ ਹਨ, ਨਿਵੇਸ਼ ਅਤੇ ਆਰਥਿਕ ਤਰੱਕੀ ਨੂੰ ਪ੍ਰਫੁੱਲਤ ਕਰਨ ਲਈ, ਸੂਬੇ ਭਰ ਵਿੱਚ ਜੀਵਨ-ਮਿਆਰ ਉੱਚਾ ਚੁੱਕਣ ਵਾਲੀਆਂ ਲੰਮੇ ਸਮੇਂ ਦੀਆਂ ਪਹਿਲਕਦਮੀਆਂ ਨਾਲ ਅੱਗੇ ਵਧਣ ਲਈ, ਅਸੀਂ ਕਦਮ ਚੁੱਕ ਰਹੇ ਹਾਂ।*

## ਸਿਹਤ ਲਈ ਦਿੱਤੇ ਜਾਣ ਵਾਲੇ ਧਨ ਵਿੱਚ ਵਾਧਾ ਕਾਇਮ

**ਮਨਿਸਟਰੀ ਆਫ਼ ਹੈਲਥ ਸਰਵਿਸਿਜ਼ ਦਾ ਬਜਟ**

*2011/12 ਵਿੱਚ 2008/09 ਦੇ ਮੁਕਾਬਲੇ ਵਾਧਾ: 18 ਪ੍ਰਤੀਸ਼ਤ*




** $120 ਮਿਲੀਅਨ ਦੇ ਸਪਲੀਮੈਂਟਰੀ ਅੰਦਾਜ਼ਿਆਂ ਤੋਂ ਪਹਿਲਾਂ*

## ਪੂਰੇ ਦਿਨ ਲਈ ਕਿੰਡਰਗਾਰਟਨ

ਇਸ ਗੱਲ ਨੂੰ ਮਾਨਤਾ ਦਿੰਦਿਆਂ ਕਿ ਕਿਸੇ ਬੱਚੇ ਦੀ ਪੜ੍ਹਾਈ ਦੇ ਸਭ ਤੋਂ ਮੁਢਲੇ ਸਾਲ ਸਭ ਤੋਂ ਅਹਿਮ ਹੁੰਦੇ ਹਨ, ਸੂਬੇ ਵੱਲੋਂ ਪੂਰੇ ਦਿਨ ਦਾ ਕਿੰਡਰਗਾਰਟਨ ਆਰੰਭ ਕੀਤਾ ਜਾਵੇਗਾ ਜੋ ਸਤੰਬਰ 2010 ਵਿੱਚ ਸੂਬੇ ਭਰ ਦੇ ਸਕੂਲਾਂ ਵਿੱਚ ਲਾਗੂ ਹੋਣਾ ਆਰੰਭ ਹੋ ਜਾਵੇਗਾ। ਇਸ ਨਾਲ ਮਾਪਿਆਂ ਲਈ ਹਿਮਾਇਤ ਦਾ ਇੱਕ ਵਧੀਕ ਸਾਧਨ ਉਪਲਬਧ ਹੋਣ ਦੇ ਨਾਲ-ਨਾਲ ਬੀ.ਸੀ. ਵਿੱਚ ਮੁਢਲੀ ਵਿੱਦਿਆ ਵਿੱਚ ਠੋਸ ਸੁਧਾਰ ਆਵੇਗਾ।

## ਸੈਕੰਡਰੀ ਤੋਂ ਬਾਅਦ ਦੀ ਪੜ੍ਹਾਈ ਵਿੱਚ ਪੈਸਾ ਲਾਉਣਾ

ਬਜਟ ਅਪਡੇਟ ਸੈਕੰਡਰੀ ਤੋਂ ਬਾਅਦ ਦੀ ਪੜ੍ਹਾਈ ਪ੍ਰਤੀ ਸਰਕਾਰ ਦੇ ਪੱਕੇ ਇਰਾਦੇ ਨੂੰ ਦੁਹਰਾਉਂਦਾ ਹੈ। ਵਿੱਤੀ ਸਾਲ 2011/12 ਤਕ ਸੈਕੰਡਰੀ ਤੋਂ ਬਾਅਦ ਦੀ ਪੜ੍ਹਾਈ 'ਤੇ ਕੀਤਾ ਜਾਣ ਵਾਲਾ ਕੁੱਲ ਸਾਲਾਨਾ ਖ਼ਰਚ $4.7 ਬਿਲੀਅਨ ਤੋਂ ਵੀ ਵਧ ਜਾਵੇਗਾ।

ਬਜਟ ਅਪਡੇਟ ਵਿੱਚ ਅਜਿਹੇ ਕਾਰੋਬਾਰਾਂ ਲਈ ਸਿਖਲਾਈ ਨਾਲ ਸੰਬੰਧਤ ਟੈਕਸ ਕ੍ਰੈਡਿਟ ਵਧਾ ਦਿੱਤੇ ਗਏ ਹਨ ਜਿਹੜੇ ਸ਼ਾਗਿਰਦਾਂ ਜਾਂ ਐਪਰੈਂਟਿਸਾਂ ਨੂੰ ਅਪਣਾਉਂਦੇ ਹਨ। ਰੁਜ਼ਗਾਰਦਾਤਾ 1 ਜੁਲਾਈ 2009 ਤੋਂ $4,000 ਤਕ ਦਾ ਸਾਲਾਨਾ ਦਾਅਵਾ ਕਰ ਸਕਦੇ ਹਨ, ਜੋ ਕਿ ਪਹਿਲਾਂ ਦੇ $2,000 ਹਰ ਯੋਗ ਸ਼ਾਗਿਰਦ ਬਦਲੇ ਦਾਅਵੇ ਦੇ ਮੁਕਾਬਲੇ ਦੁੱਗਣਾ ਹੈ।

## ਰੁਜ਼ਗਾਰ ਪੈਦਾ ਕਰਨਾ, ਕਮਿਊਨਿਟੀਆਂ ਦੀ ਹਿਮਾਇਤ ਕਰਨਾ

ਸਰਕਾਰ ਸੜ੍ਹਕਾਂ, ਹਾਈਵੇਆਂ, ਪੁਲਾਂ, ਹਵਾਈ ਅੱਡਿਆਂ, ਸਕੂਲਾਂ, ਯੂਨੀਵਰਸਿਟੀਆਂ, ਹਸਪਤਾਲਾਂ, ਕਮਿਊਨਿਟੀ ਸਹੂਲਤਾਂ ਅਤੇ ਹੋਰ ਮੁੱਖ ਪ੍ਰਾਜੈਕਟਾਂ ਨੂੰ ਬਣਾਉਣ ਅਤੇ ਇਨਾਂ ਦਾ ਸੁਧਾਰ ਕਰਨ ਵਿਚ ਪੈਸਾ ਲਾਉਣਾ ਜਾਰੀ ਰੱਖ ਰਹੀ ਹੈ ਤਾਂ ਜੋ ਆਉਣ ਵਾਲੇ ਸਮੇਂ ਲਈ ਸੂਬੇ ਦੀਆਂ ਬੁਨਿਆਦੀ ਢਾਂਚੇ ਦੀਆਂ ਲੋੜਾਂ ਪੂਰੀਆਂ ਹੋਣਾ ਯਕੀਨੀ ਬਣਾਉਣ ਦੇ ਨਾਲ-ਨਾਲ ਰੁਜ਼ਗਾਰ ਪੈਦਾ ਹੁੰਦੇ ਰਹਿਣ ਅਤੇ ਸਖ਼ਤ ਆਰਥਿਕ ਹਾਲਾਤ ਦੌਰਾਨ ਲੋਕ ਕੰਮ-ਕਾਜ ਲੱਗੇ ਰਹਿਣ।

ਸਰਕਾਰ ਦੇ ਹੋਰ ਪੱਧਰਾਂ ਨਾਲ ਭਾਈਵਾਲੀਆਂ ਰਾਹੀਂ ਬ੍ਰਿਟਿਸ਼ ਕੋਲੰਬੀਆ ਦੀ ਮੂਲ ਅਸਾਸੇ ਉਸਾਰਨ ਦੀ ਯੋਜਨਾ ਨਾਲ ਤਿੰਨ ਸਾਲਾਂ ਦੌਰਾਨ 88,000 ਰੁਜ਼ਗਾਰ ਪੈਦਾ ਹੋ ਸਕਦੇ ਹਨ। ਸਿਰਫ਼ ਫਰਵਰੀ ਤੋਂ ਬਾਅਦ ਹੀ $3.4 ਬਿਲੀਅਨ ਦੀ ਲਾਗਤ ਦੇ ਕੋਈ 480 ਪ੍ਰਾਜੈਕਟਾਂ ਦਾ ਐਲਾਨ ਕੀਤਾ ਗਿਆ ਹੈ। ਅੱਜ ਤਕ ਮਨਜ਼ੂਰ ਕੀਤੇ ਗਏ ਪ੍ਰਾਜੈਕਟਾਂ ਤੋਂ ਤਿੰਨ ਸਾਲਾਂ ਦੌਰਾਨ 21,600 ਸਿੱਧੇ ਰੋਜ਼ਗਾਰ ਪੈਦਾ ਹੋਣ ਦੀ ਉਮੀਦ ਹੈ।

ਗੱਲ ਅੱਗੇ ਤੋਰਦਿਆਂ ਇਹ ਕਹਿ ਸਕਦੇ ਹਾਂ ਕਿ ਇਹ ਰੁਜ਼ਗਾਰ ਅਤੇ ਇਨਾਂ ਰੁਜ਼ਗਾਰਾਂ ਦੇ ਨਤੀਜੇ ਵਜੋਂ ਹਰ ਆਕਾਰ ਦੀਆਂ ਕਮਿਊਨਿਟੀਆਂ ਲਈ ਹੋਣ ਵਾਲੇ ਲਾਭਾਂ ਨਾਲ ਸੂਬੇ ਭਰ ਵਿਚ ਵਧੀਕ ਸਥਿਰਤਾ ਅਤੇ ਹੌਸਲਾ ਆਵੇਗਾ।

ਬਜਟ ਅਪਡੇਟ ਸੰਨ 2009/10 ਦੌਰਾਨ $7.4 ਬਿਲੀਅਨ, 2010/11 ਵਿੱਚ $7.7 ਬਿਲੀਅਨ, ਅਤੇ 2011/12 ਵਿੱਚ $6.5 ਬਿਲੀਅਨ ਦੇ ਸਰਮਾਏ ਦਾ ਪ੍ਰਬੰਧ ਕਰਦਾ ਹੈ।

**480 ਪ੍ਰਾਜੈਕਟ**

***ਜਿਨਾਂ ਦਾ ਮੁੱਲ $3.4 ਬਿਲੀਅਨ ਡਾਲਰ ਬਣਦਾ ਹੈ, ਐਲਾਨੇ ਗਏ ਹਨ***

**= 21,600 ਰੁਜ਼ਗਾਰ**

*ਅਸੀਂ ਵਿੱਤੀ ਇੰਤਜ਼ਾਮ ਦੇ ਆਪਣੇ ਨਿੱਗਰ ਲੇਖੇ ਨੂੰ ਹੋਰ ਅੱਗੇ ਵਧਾ ਰਹੇ ਹਾਂ ... ਪਰਿਵਾਰਾਂ ਅਤੇ ਵਿਅਕਤੀਆਂ ਨੂੰ ਆਮਦਨ ਕਰ ਵਿੱਚ ਰਾਹਤ ਦੇ ਕੇ, ਇਹ ਗੱਲ ਪੱਕੀ ਕਰਨ ਲਈ ਕਦਮ ਚੁੱਕ ਕੇ ਅਸੀਂ ਸਹਿਆ ਜਾ ਸਕਣ ਵਾਲਾ ਕਰਜ਼ ਹੀ ਚੁੱਕੀਏ, ਅਤੇ ਆਰਥਿਕਤਾ ਦੇ ਮੁੜ-ਸੁਰਜੀਤ ਹੋਣ ਦਾ ਪੂਰਾ ਲਾਹਾ ਲੈਣ ਲਈ ਸਹੀ ਹਾਲਤ ਵਿੱਚ ਹੋਈਏ।*

## ਮਜ਼ਬੂਤ ਵਿੱਤੀ ਇੰਤਜ਼ਾਮ

ਬੀ.ਸੀ. ਸਰਕਾਰ ਜ਼ਿੰਮੇਵਾਰੀ-ਭਰੇ ਅਤੇ ਠੋਸ ਵਿੱਤੀ ਇੰਤਜ਼ਾਮ ਪ੍ਰਤੀ ਪੱਕਾ ਇਰਾਦਾ ਰੱਖਦੀ ਹੈ। ਬਜਟ ਅਪਡੇਟ ਵਿੱਚ ਇਹ ਤਰਜੀਹਾਂ ਝਲਕਦੀਆਂ ਹਨ।

ਸੰਨ 2004 ਤੋਂ ਲੈ ਕੇ ਬ੍ਰਿਟਿਸ਼ ਕੋਲੰਬੀਆ ਨੂੰ ਸੱਤ ਕ੍ਰੈਡਿਟ ਰੇਟਿੰਗ ਮਿਲੇ ਹਨ ਅਤੇ ਅੱਜ ਇਸ ਦੀ ਕ੍ਰੈਡਿਟ ਰੇਟਿੰਗ “ਟ੍ਰਿੱਪਲ ਏ” (AAA) ਹੈ, ਜੋ ਵੱਧ ਤੋਂ ਵੱਧ ਹੋ ਸਕਦੀ ਹੈ। ਇਸ ਨਾਲ ਵਿੱਤੀ ਲਚਕ ਮਿਲੀ ਹੈ ਅਤੇ ਇਸ ਨਾਲ ਬੀ.ਸੀ. ਆਪਣੇ ਸਰਮਾਇਆਕਾਰੀ ਪ੍ਰਾਜੈਕਟਾਂ ਲਈ ਵੱਧ ਤੋਂ ਵੱਧ ਮੁਨਾਸਬ ਸ਼ਰਤਾਂ ’ਤੇ ਉਧਾਰ ਲੈਣ ਦੇ ਕਾਬਲ ਹੋਇਆ ਹੈ।

*ਅਸੀਂ ਆਰਥਿਕ ਹੁਲਾਰੇ ਦਾ ਆਪਣਾ ਪੈਕੇਜ ਲਾਗੂ ਕਰਨਾ ਜਾਰੀ ਰੱਖ ਰਹੇ ਹਾਂ... ਫੈਡਰਲ ਅਤੇ ਸਥਾਨਕ ਸਰਕਾਰਾਂ ਨਾਲ ਤਕਰੀਬਨ $14 ਬਿਲੀਅਨ ਦੇ ਨਿਵੇਸ਼ ਕਰ ਕੇ – ਸਾਡੀਆਂ ਕਮਿਊਨਿਟੀਆਂ ਵਿੱਚ ਲੋੜੀਂਦੇ ਸਕੂਲਾਂ, ਸਿਹਤ ਦੇਖ-ਰੇਖ ਦੇ ਅਦਾਰਿਆਂ ਅਤੇ ਹੋਰ ਬੁਨਿਆਦੀ ਢਾਂਚੇ ਉਸਾਰ ਕੇ... ਰੁਜ਼ਗਾਰ ਸਿਰਜ ਕੇ, ਪਰਿਵਾਰਾਂ ਦੀ ਹਿਮਾਇਤ ਕਰ ਕੇ ਅਤੇ ਆਰਥਿਕ ਸਰਗਰਮੀ ਪੈਦਾ ਕਰ ਕੇ।*

ਬ੍ਰਿਟਿਸ਼ ਕੋਲੰਬੀਆ ਦੇ ਸਿਰ ਕਰਜ਼ ਦਾ ਭਾਰ ਕੈਨੇਡਾ ਵਿੱਚ ਸਭ ਤੋਂ ਘੱਟ ਕਰਜ਼ਿਆਂ ਵਿੱਚੋਂ ਹੈ। ਸੂਬਾਈ ਕਰ ਉੱਤੇ ਕਰਦਾਤਾਵਾਂ ਦੀ ਹਿਮਾਇਤ ਨਾਲ ਦਿੱਤੇ ਜਾਣ ਵਾਲੇ ਵਿਆਜ਼ ਦਾ ਖ਼ਰਚ ਘੱਟ ਚੱਲ ਰਿਹਾ ਹੈ ਅਤੇ ਮਾਲੀਏ ਦੇ ਹਰ ਡਾਲਰ ਪਿੱਛੇ 5.2 ਸੈਂਟ ਤੋਂ ਘੱਟ ਹੈ।

ਸੰਨ 2003/04 ਅਤੇ 2008/09 ਦੇ ਦਰਮਿਆਨ ਅਸੀਂ ਸੂਬੇ ਦੇ "ਆਪ੍ਰੇਟਿੰਗ" ਕਰਜ਼ ਨੂੰ $15.7 ਬਿਲੀਅਨ ਤੋਂ ਘਟਾ ਕੇ $6.4 ਬਿਲੀਅਨ ਕੀਤਾ ਹੈ, ਜੋ ਕਿ ਲਗਭਗ 60 ਫੀ ਸਦੀ ਦੀ ਕਮੀ ਹੈ।

ਇਨਾਂ ਕਮੀਆਂ ਨੇ ਸੂਬੇ ਨੂੰ ਆਪਣਾ ਕਰਜ਼ ਪੁੱਗ ਸਕਣ ਵਾਲੀ ਹੱਦ ਦੇ ਅੰਦਰ ਰੱਖਦਿਆਂ ਹੋਇਆਂ ਮੌਜੂਦਾ ਆਰਥਿਕ ਹਾਲਾਤ ਨੂੰ ਮੁਖ਼ਾਤਬ ਹੋਣ ਲਈ ਲੋੜੀਂਦੀ ਲਚਕ ਮੁਹੱਈਆ ਕੀਤੀ ਹੈ। ਭਾਵੇਂ ਆਉਂਦੇ ਤਿੰਨ ਸਲਾਂ ਦੌਰਾਨ ਸਰਕਾਰ ਦਾ ਸਿੱਧਾ ਆਪ੍ਰੇਟਿੰਗ ਕਰਜ਼ ਵਧ ਜਾਵੇਗਾ, ਇਹ ਫਿਰ ਵੀ 2001/02 ਦੇ ਪੱਧਰ ਤੋਂ ਥੱਲੇ ਹੋਵੇਗਾ ਅਤੇ ਸੰਤੁਲਤ ਬਜਟਾਂ ਦੀ ਵਾਪਸੀ ਨਾਲ ਘਟਣਾ ਸ਼ੁਰੂ ਹੋ ਜਾਵੇਗਾ।

## *ਸਾਡੇ ਸੂਬੇ ਵਿੱਚ ਘਾਟਾ ਕਿਉਂ ਹੈ*

ਬੀ.ਸੀ. ਵਿੱਚ ਆਰਜ਼ੀ ਘਾਟਿਆਂ ਦੇ ਮੌਜੂਦ ਹੋਣ ਦੀ ਮਜਬੂਰੀ ਦੇ ਬੁਨਿਆਦੀ ਕਾਰਣ ਹੇਠਾਂ ਦਰਜ ਹਨ:

» ਕਾਰਪੋਰੇਟ ਟੈਕਸ ਅਤੇ ਨਿਜੀ ਆਮਦਨ ਕਰਾਂ ਤੋਂ ਹੋਣ ਵਾਲੇ ਮਾਲੀਏ ਵਿੱਚ ਤਿੱਖੀ ਕਮੀ।

» ਜਿਨਸਾਂ ਦੀ ਕਮੀ ਵਿੱਚ ਲਗਾਤਾਰ ਕਮਜ਼ੋਰੀ, ਜਿਸ ਦੇ ਨਤੀਜੇ ਵਜੋਂ ਬੀ.ਸੀ. ਦੇ ਸੰਸਾਧਨ ਖੇਤਰ ਤੋਂ ਮਾਲੀਏ ਵਿੱਚ ਨਿੱਗਰ ਕਮੀ ਆਉਣਾ।

» ਮਾਲੀਏ ਦੇ ਨੀਵੇਂ ਪੱਧਰ ਦੇ ਬਾਵਜੂਦ ਅਤਿ ਜ਼ਰੂਰੀ ਜਨਤਕ ਕਾਰਜਾਂ ਦੀ ਸਲਾਮਤੀ ਅਤੇ ਇਨਾਂ ਵਿੱਚ ਵਾਧੇ ਦੀ ਲੋੜ।

## *ਇੱਕ ਵਧੇਰੇ ਪ੍ਰਤੀਯੋਗੀ ਟੈਕਸ ਪ੍ਰਣਾਲੀ*

ਬੀ.ਸੀ. ਵੱਲੋਂ ਯਤਨ ਕੀਤਾ ਜਾ ਰਿਹਾ ਹੈ ਕਿ ਕੈਨੇਡਾ ਦੀ ਸਭ ਤੋਂ ਪ੍ਰਤੀਯੋਗੀ ਟੈਕਸ ਪ੍ਰਣਾਲੀ ਬਣਾਈ ਜਾਵੇ। ਇਸ ਨਾਲ ਨਿਵੇਸ਼ ਦੀ ਹੌਸਲਾ-ਅਫਜ਼ਾਈ ਹੋਵੇਗੀ, ਰੁਜ਼ਗਾਰ ਪੈਦਾ ਹੋਣਗੇ, ਅਤੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਵਧੇਰੇ ਖ਼ੁਸ਼ਹਾਲੀ ਯਕੀਨੀ ਬਣੇਗੀ।

ਸੰਨ 2001 ਤੋਂ ਲੈ ਕੇ, ਬੀ.ਸੀ. ਸਰਕਾਰ ਨੇ 120 ਤੋਂ ਵੀ ਵੱਧ ਵਾਰੀ ਟੈਕਸਾਂ ਵਿੱਚ ਕਟੌਤੀਆਂ ਕੀਤੀਆਂ ਹਨ, ਜਿਸ ਦਾ ਕਾਰੋਬਾਰਾਂ ਅਤੇ ਬ੍ਰਿਟਿਸ਼ ਕੋਲੰਬੀਆ ਦੇ ਨਿਵਾਸੀਆਂ, ਦੋਵਾਂ ਨੂੰ ਫਾਇਦਾ ਹੋਇਆ ਹੈ।

ਬਜਟ ਅਪਡੇਟ ਵਿਚਲੇ ਕਦਮਾਂ ਵਿੱਚ ਛੋਟੇ ਕਾਰੋਬਾਰਾਂ ਉੱਤੇ ਕਾਰਪੋਰੇਟ ਆਮਦਨ ਕਰ ਲਈ ਥੱਲੜੀ ਹੱਦ ਨੂੰ 1 ਜਨਵਰੀ 2010 ਤੋਂ $400,000 ਤੋਂ ਵਧਾ ਕੇ $500,000 ਕਰਨਾ ਸ਼ਾਮਲ ਹੈ। ਥੱਲੜੀ ਹੱਦ ਦਾ ਇਹ ਕੈਨੇਡਾ ਵਿੱਚ ਸਭ ਤੋਂ ਵੱਡਾ ਪੱਧਰ ਹੈ ਅਤੇ 2002 ਤੋਂ ਲੈ ਕੇ 150 ਪ੍ਰਤੀਸ਼ਤ ਵਾਧੇ ਦੀ ਨੁਮਾਇੰਦਗੀ ਕਰਦਾ ਹੈ।

ਸੰਨ 2008 ਵਿੱਚ ਛੋਟੇ ਕਾਰੋਬਾਰਾਂ ਉੱਤੇ ਕਾਰਪੋਰੇਟ ਆਮਦਨ ਕਰ ਦੀ ਦਰ ਨੂੰ 4.5 ਪ੍ਰਤੀਸ਼ਤ ਤੋਂ ਘਟਾ ਕੇ 2.5 ਪ੍ਰਤੀਸ਼ਤ ਕੀਤਾ ਗਿਆ ਸੀ — 44 ਪ੍ਰਤੀਸ਼ਤ ਦੀ ਕਮੀ। ਸਰਕਾਰ ਦਾ ਇਰਾਦਾ ਹੈ ਕਿ 1 ਅਪਰੈਲ 2012 ਤਕ ਇਸ ਦਰ ਨੂੰ ਘਟਾ ਕੇ ਜ਼ੀਰੋ ਕਰ ਦਿੱਤਾ ਜਾਵੇ। ਬੀ.ਸੀ. ਦੇ ਜਨਰਲ ਕਾਰਪੋਰੇਟ ਟੈਕਸ ਦੀ ਦਰ ਨੂੰ 16.5 ਪ੍ਰਤੀਸ਼ਤ ਤੋਂ ਘਟਾ ਕੇ 11 ਪ੍ਰਤੀਸ਼ਤ ਕੀਤਾ ਜਾ ਚੁੱਕਿਆ ਹੈ, ਅਤੇ 2010 ਵਿੱਚ 10.5 ਪ੍ਰਤੀਸ਼ਤ ਤਕ, ਅਤੇ 2011 ਵਿੱਚ 10 ਪ੍ਰਤੀਸ਼ਤ ਤਕ ਕਰਨ ਦੀ ਵਿਉਂਤ ਹੈ।

## *ਨਿਜੀ ਆਮਦਨ ਕਰ ਵਿੱਚ ਕਟੌਤੀਆਂ*

ਸਤੰਬਰ ਬਜਟ ਅਪਡੇਟ ਨਾਲ ਬ੍ਰਿਟਿਸ਼ ਕੋਲੰਬੀਆ ਸਰਕਾਰ ਖ਼ਪਤਕਾਰਾਂ ਲਈ ਹਾਰਮੋਨਾਈਜ਼ਡ ਸੇਲਜ਼ ਟੈਕਸ ਜਾਂ ਐੱਚ.ਐੱਸ.ਟੀ. (Harmonized Sales Tax ਜਾਂ HST) ਤਕ ਦੀ ਤਬਦੀਲੀ ਸੁਖਾਵੀਂ ਕਰਨ ਵਿੱਚ ਮਦਦ ਦੇਣ ਲਈ ਕਦਮ ਚੁੱਕ ਰਹੀ ਹੈ।

ਕਰਦਾਤਾਵਾਂ ਦਾ ਨਿਜੀ ਆਮਦਨ ਕਰ ਵਿਚ ਬੇਸਿਕ ਕ੍ਰੈਡਿਟ 1 ਜਨਵਰੀ 2010 ਤੋਂ $9,373 ਤੋਂ ਵਧਾ ਕੇ $11,000 ਕਰ ਦਿੱਤਾ ਜਾਵੇਗਾ, ਜੋ ਕਿ 17 ਪ੍ਰਤੀਸ਼ਤ ਦਾ ਵਾਧਾ ਹੈ।

ਇਨ੍ਹਾਂ, ਅਤੇ ਕਰਾਂ ਸੰਬੰਧੀ ਸਰਕਾਰ ਵੱਲੋਂ ਐਲਾਨੇ ਹੋਰ ਕਦਮਾਂ ਦੇ ਨਤੀਜੇ ਵਜੋਂ ਸਾਲ ਦਾ $118,000 ਤਕ ਕਮਾਉਣ ਵਾਲੇ ਬ੍ਰਿਟਿਸ਼ ਕੋਲੰਬੀਆ ਵਾਸੀ ਕੈਨੇਡਾ ਵਿੱਚ ਅਦਾ ਕੀਤਾ ਜਾਣ ਵਾਲਾ ਸਭ ਤੋਂ ਘੱਟ ਸੂਬਾਈ ਨਿਜੀ ਆਮਦਨ ਕਰ ਦੇਣਗੇ।

ਸੰਨ 2001 ਤੋਂ ਲੈ ਕੇ ਬਹੁਤੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਨਿਜੀ ਆਮਦਨ ਕਰ ਵਿੱਚ 37 ਪ੍ਰਤੀਸ਼ਤ ਦੀ ਕਟੌਤੀ ਕੀਤੀ ਗਈ ਹੈ, ਅਤੇ 325,000 ਹੋਰ ਵਿਅਕਤੀਆਂ ਨੂੰ ਹੁਣ ਬੀ.ਸੀ. ਦਾ ਆਮਦਨ ਕਰ ਦੇਣ ਤੋਂ ਮੁਕੰਮਲ ਛੋਟ ਮਿਲੀ ਹੈ।

*ਬ੍ਰਿਟਿਸ਼ ਕੋਲੰਬੀਆ ਵਿਚਲੇ ਵਿਅਕਤੀਆਂ ਨੂੰ $118,000 ਤਕ ਦੀ ਆਮਦਨ ਉੱਤੇ ਸਭ ਤੋਂ ਘੱਟ ਸੂਬਾਈ ਆਮਦਨ ਕਰ ਦੇਣਾ ਪੈਂਦਾ ਹੈ। ਜਿਨਾਂ ਦੀ ਆਮਦਨ $18,800 ਤਕ ਹੋਵੇ, ਉਨ੍ਹਾਂ ਨੂੰ ਹੁਣ ਟੈਕਸ ਦੇਣ ਦੀ ਲੋੜ ਹੀ ਨਹੀਂ ਹੈ।*

**ਸੂਬਾਈ ਆਮਦਨ ਟੈਕਸ – 2009 ਦੀ ਤੁਲਨਾ**



*ਜਦੋਂ ਛੋਟੇ ਕਾਰੋਬਾਰਾਂ ਉੱਤੋਂ ਟੈਕਸ ਨੂੰ ਮੁਕੰਮਲ ਤੌਰ ’ਤੇ ਹਟਾਉਣ ਦਾ ਪੱਕਾ ਇਰਾਦਾ ਪੂਰੀ ਤਰ੍ਹਾਂ ਲਾਗੂ ਹੋ ਗਿਆ ਤਾਂ ਇਹ ਬਜਟ ਵਿਅਕਤੀਆਂ, ਪਰਿਵਾਰਾਂ ਅਤੇ ਛੋਟੇ ਕਾਰੋਬਾਰਾਂ ਲਈ ਆਮਦਨ ਕਰ ਵਿੱਚ ਸਾਲ ਦੀ $400 ਮਿਲੀਅਨ ਦੀ ਛੋਟ ਦੇਵੇਗਾ।*

**ਸੰਨ 2001 ਤੋਂ ਲੈ ਕੇ ਹੋਈਆਂ ਟੈਕਸ ਕਟੌਤੀਆਂ**




## *ਬੀ.ਸੀ. ਹਾਰਮੋਨਾਈਜ਼ਡ ਸੇਲਜ਼ ਟੈਕਸ (ਐੱਚ.ਐੱਸ.ਟੀ.)*

ਬੀ.ਸੀ. ਸਰਕਾਰ 1 ਜੁਲਈ 2010 ਤੋਂ ਇੱਕ ਹਾਰਮੋਨਾਈਜ਼ਡ ਸੇਲਜ਼ ਟੈਕਸ (ਐੱਚ.ਐੱਸ.ਟੀ.) ਲਾਗੂ ਕਰਨ ਦਾ ਇਰਾਦਾ ਰੱਖਦੀ ਹੈ। ਬੀ.ਸੀ. ਦੀ ਐੱਚ.ਐੱਸ.ਟੀ. ਦੀ ਦਰ 12 ਪ੍ਰਤੀਸ਼ਤ ਦੇ ਹਿਸਾਬ ਨਾਲ ਕੈਨੇਡਾ ਵਿੱਚ ਸਭ ਤੋਂ ਘੱਟ ਹੋਵੇਗੀ ਅਤੇ ਬੀ.ਸੀ. ਨੂੰ ਦੁਨੀਆਂ ਭਰ ਵਿੱਚ ਸਭ ਤੋਂ ਵੱਧ ਪ੍ਰਤੀਯੋਗੀ ਖੇਤਰਾਂ ਵਿੱਚੋਂ ਇੱਕ ਬਣਾਉਣ ਵੱਲ ਇੱਕ ਕਦਮ ਹੋਵੇਗੀ। ਐੱਚ.ਐੱਸ.ਟੀ. ਨਾਲ ਨਵੇਂ ਨਿਵੇਸ਼ਾਂ ਉੱਤੇ ਲੱਗਣ ਵਾਲੇ ਟੈਕਸ ਵਿੱਚ 40 ਪ੍ਰਤੀਸ਼ਤ ਤਕ ਦੀ ਕਟੌਤੀ ਹੋਵੇਗੀ ਅਤੇ ਸੂਬੇ ਦੇ ਹਰ ਖੇਤਰ ਵਿੱਚ ਨਵੇਂ ਮੌਕੇ ਪੈਦਾ ਹੋਣਗੇ।

**ਖ਼ਪਤਕਾਰਾਂ ਦੀ ਮਦਦ ਲਈ ਤਜਵੀਜ਼ ਕੀਤੇ ਕਦਮ:**

» ਘਰੇਲੂ ਊਰਜਾ ਲਈ ਵਿਕਰੀ ਵਾਲੀ ਜਗ੍ਹਾ ’ਤੇ ਹੀ ਸੂਬਾਈ ਤੌਰ ’ਤੇ ਪ੍ਰਬੰਧਸ਼ੁਦਾ ਛੋਟ।

» ਨਵੇਂ ਘਰ ਖਰੀਦਣ ਵਾਲਿਆਂ, ਮੋਟਰ ਗੱਡੀਆਂ ਦਾ ਤੇਲ ਅਤੇ ਹੋਰ ਉਤਪਾਦਨ ਖਰੀਦਣ ਵਾਲਿਆਂ ਲਈ ਛੋਟਾਂ।

» ਐੱਚ.ਐੱਸ.ਟੀ. ਕ੍ਰੈਡਿਟ ਦਾ ਘੱਟ ਆਮਦਨ ਵਾਲੇ 1.1 ਮਿਲੀਅਨ ਤੋਂ ਵਧੇਰੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਲਾਭ ਹੋਵੇਗਾ।

## *H1N1 ਫ਼ਲੂ ਲਈ ਤਿਆਰੀ*

ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੀ ਚੰਗੇਰੀ ਹਿਫਾਜ਼ਤ ਲਈ ਸਰਕਾਰ ਆਉਣ ਵਾਲੇ ਮਹੀਨਿਆਂ ਦੌਰਾਨ ਬੀ.ਸੀ. ਵਿੱਚ H1N1 ਫ਼ਲੂ ਵਿਸ਼ਾਣੂ ਖਿਲਾਫ ਟੀਕੇ ਪ੍ਰਦਾਨ ਕਰਨ ਅਤੇ ਇਸ ਦਾ ਅਸਰ ਘੱਟ ਤੋਂ ਘੱਟ ਕਰਨ ਲਈ ਜ਼ਰੂਰੀ ਹਿਮਾਇਤੀ ਕਦਮਾਂ ਉੱਤੇ $80 ਮਿਲੀਅਨ ਲਾਉਣ ਦਾ ਪੱਕਾ ਇਰਾਦਾ ਰੱਖਦੀ ਹੈ।

ਇਹ ਧਨ ਫ਼ਲੂ ਦੀ ਕਿਸੇ ਠੇਠ ਰੁੱਤ ਵਿੱਚ ਮੌਸਮੀ ਇਨਫਲੂਐਂਜ਼ਾ ਦਾ ਟਾਕਰਾ ਕਰਨ ਲਈ ਟੀਕਿਆਂ ਅਤੇ ਹੋਰ ਹਿਮਾਇਤੀ ਕਦਮਾਂ ਉੱਤੇ ਖ਼ਰਚੇ ਜਾਣ ਵਾਲੇ $20 ਮਿਲੀਅਨ ਤੋਂ ਇਲਾਵਾ ਹੈ।

## *ਵਾਤਾਵਰਣ-ਪੱਖੀ ਊਰਜਾ ਵਿਕਸਤ ਕਰਨਾ*

ਮੌਸਮ ਦੀ ਤਬਦੀਲੀ ਸੰਬੰਧੀ ਬ੍ਰਿਟਿਸ਼ ਕੋਲੰਬੀਆ ਦੀ ਅਗਵਾਈ, ਅਤੇ ਵਾਤਾਵਰਣ-ਪੱਖੀ ਤਕਨਾਲੋਜੀ ਦੀ ਸਾਡੀ ਮੁਹਾਰਤ ਵਿੱਚ ਹੁਣ 250 ਤੋਂ ਵਧੇਰੇ ਕੰਪਨੀਆਂ ਸ਼ਾਮਲ ਹਨ ਜਿਨ੍ਹਾਂ ਰਾਹੀਂ 3,500 ਤੋਂ ਵਧੇਰੇ ਵਿਅਕਤੀਆਂ ਨੂੰ ਰੋਜ਼ਗਾਰ ਮਿਲਦਾ ਹੈ।

ਇਹੋ ਹੀ ਵਜ੍ਹਾ ਹੈ ਕਿ ਸੂਰਜੀ, ਜੀਓਥਰਮਲ, ਲਹਿਰਾਂ ਨਾਲ ਸੰਬੰਧਤ, ਪੌਣ-ਊਰਜਾ ਅਤੇ ਜੈਵਿਕ-ਊਰਜਾ ਵਰਗੇ ਖੇਤਰਾਂ ਵਿੱਚ ਸੂਬਾ ਖੋਜ ਅਤੇ ਵਿਕਾਸ ਉੱਤੇ ਪੈਸਾ ਲਾਉਣਾ ਜਾਰੀ ਰੱਖੇਗਾ।

ਸਾਫ-ਸੁਥਰੀ, ਅਮੁੱਕ ਊਰਜਾ ਤਕਨਾਲੋਜੀ ਵਿਕਸਤ ਕਰਨ ਵਿੱਚ ਮਦਦ ਲਈ 2008 ਤੋਂ ਲੈ ਕੇ ਇਜਾਦਕਾਰੀ ਸਾਫ ਊਰਜਾ ਫੰਡ ਜਾਂ ਆਈ.ਸੀ.ਈ. ਫੰਡ (Innovative Clean Energy Fund ਜਾਂ ICE Fund) ਰਾਹੀਂ ਬੀ.ਸੀ. ਭਰ ਵਿੱਚ 34 ਪ੍ਰਾਜੈਕਟਾਂ ਵਿੱਚ $47 ਮਿਲੀਅਨ ਲਗਾਇਆ ਗਿਆ ਹੈ। ਇਸ ਬਜਟ ਨਾਲ ਅਸੀਂ ਇਸ ਵੇਗ ਨੂੰ ਜਾਰੀ ਰੱਖਣ ਲਈ ਕਦਮ ਚੁੱਕ ਰਹੇ ਹਾਂ।

ਮੌਜੂਦਾ ਸਮੇਂ ਵਿੱਚ ਆਈ.ਸੀ.ਈ. ਫੰਡ ਨੂੰ ਲੋਕਾਂ ਦੇ ਮਹੀਨਾਵਾਰ ਊਰਜਾ ਬਿਲਾਂ ਉੱਤੇ ਲਾਏ ਮਸੂਲ ਰਾਹੀਂ ਚਲਾਇਆ ਜਾ ਰਿਹਾ ਹੈ। ਐਚ.ਐੱਸ.ਟੀ. ਲਾਗੂ ਹੋਣ ਨਾਲ ਇਹ ਮਸੂਲ ਖਤਮ ਹੋ ਜਾਵੇਗਾ ਪਰ ਅਸੀਂ ਆਈ.ਸੀ.ਈ. ਫੰਡ ਦੀ ਹਿਮਾਇਤ ਜਾਰੀ ਰੱਖ ਸਕਾਂਗੇ।

## *ਫਸਟ ਨੇਸ਼ਨਜ਼ ਨਾਲ ਇੱਕ ਨਵਾਂ ਰਿਸ਼ਤਾ*

ਸਰਕਾਰ ਪਰਸਪਰ ਸਤਿਕਾਰ, ਮਾਨਤਾ ਅਤੇ ਸਮਝੌਤੇ ਦੇ ਆਧਾਰ 'ਤੇ ਫਸਟ ਨੇਸ਼ਨਜ਼ ਅਤੇ ਐਬਉਰਿਜਨਲ ਲੋਕਾਂ ਨਾਲ ਇੱਕ ਨਵਾਂ ਰਿਸ਼ਤਾ ਉਸਾਰਨ ਦੇ ਟੀਚੇ ਪ੍ਰਤੀ ਪੱਕਾ ਇਰਾਦਾ ਰੱਖਦੀ ਹੈ।

ਅਸੀਂ ਨਵੇਂ ਮੁਆਇਦੇ, ਅਤੇ ਮਿਲ ਕੇ ਫੈਸਲੇ ਕਰਨ ਲਈ ਨਵੇਂ ਸਮਝੌਤਿਆਂ ਦੀ ਕੋਸ਼ਿਸ਼ ਕਰ ਰਹੇ ਹਾਂ। ਅਸੀਂ ਨਵੇਂ ਹੱਲਾਂ ਦੀ ਖੋਜ ਵਿੱਚ ਆਰਥਿਕ ਭਾਈਵਾਲਾਂ, ਕਮਿਊਨਿਟੀਆਂ ਅਤੇ ਸਾਰੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਨਾਲ ਮਿਲ ਕੇ ਯਤਨ ਕਰ ਰਹੇ ਹਾਂ।

ਇਸ ਟੀਚੇ ਲਈ ਬਜਟ ਅਪਡੇਟ ਵਿੱਚ ਅਗਲੇ ਤਿੰਨ ਸਾਲਾਂ ਦੌਰਾਨ ਮਾ-ਨੁਲਥ ਫਾਈਨਲ ਟਰੀਟੀ (Maa-Nulth Final Treaty) ਲਾਗੂ ਕੀਤੇ ਜਾਣ ਅਤੇ ਨਿਪਟਾਰੇ ਦੇ ਖ਼ਰਚ, ਜਿਸ ਨੂੰ ਰਸਮੀ ਤੌਰ 'ਤੇ ਜੂਨ ਵਿੱਚ ਫੈਡਰਲ ਸਰਕਾਰ ਵੱਲੋਂ ਮਨਜ਼ੂਰੀ ਮਿਲ ਚੁੱਕੀ ਹੈ, ਲਈ $31 ਮਿਲੀਅਨ ਦੇ ਧਨ ਦੀ ਪੇਸ਼ਕਸ਼ ਹੈ।

ਇਹ ਵੈਨਕੂਵਰ ਆਈਲੈਂਡ ਉੱਤੇ ਮੁਕੰਮਲ ਕੀਤਾ ਗਿਆ ਆਧੁਨਿਕ ਦੌਰ ਦਾ ਪਹਿਲਾ ਸਮਝੌਤਾ ਹੈ ਅਤੇ ਇਹ ਮਾ-ਨੁਲਥ ਲੋਕਾਂ ਦੇ ਸਮਾਜਿਕ ਅਤੇ ਆਰਥਿਕ ਭਵਿੱਖ ਲਈ ਬੜੀ ਵੱਡੀ ਗੁੰਜਾਇਸ਼ ਨਾਲ ਭਰਿਆ ਪਿਆ ਹੈ।

*ਮੌਸਮ ਦੀ ਤਬਦੀਲੀ ਦੇ ਸੰਬੰਧ ਵਿੱਚ ਬ੍ਰਿਟਿਸ਼ ਕੋਲੰਬੀਆ ਦੀ ਅਗਵਾਈ ਵਿੱਚ ਵਾਧੇ ਦੀ ਬੇਪਨਾਹ ਗੁੰਜਾਇਸ਼ ਹੈ। ਇਸੇ ਕਰ ਕੇ ਹੀ ਸੂਬਾ ਸੂਰਜੀ, ਜੀਓਥਰਮਲ, ਪੌਣ ਅਤੇ ਜੈਵਿਕ-ਊਰਜਾ ਵਰਗੇ ਖੇਤਰਾਂ ਵਿੱਚ ਆਪਣਾ ਨਿਵੇਸ਼ ਜਾਰੀ ਰੱਖ ਰਿਹਾ ਹੈ।*

*ਵੈਨਕੂਵਰ 2010 ਓਲੰਪਿਕ ਅਤੇ ਪੈਰਾਲੰਪਿਕ ਖੇਡਾਂ ਦੌਰਾਨ ਜਿਉਂ-ਜਿਉਂ ਅਸੀਂ ਦੁਨੀਆ ਨੂੰ ਬ੍ਰਿਟਿਸ਼ ਕੋਲੰਬੀਆ ਦੀ ਨੁਮਾਇਸ਼ ਕਰਨ ਲਈ ਤਿਆਰ ਹੋ ਰਹੇ ਹਾਂ, ਅਸੀਂ ਕੈਨੇਡਾ ਦੇ ਏਸ਼ੀਆ ਵੱਲ ਦੇ ਦੁਆਰ ਦੇ ਆਪਣੇ ਰੁਤਬੇ ਨੂੰ ਵਧਾਉਣਾ ਜਾਰੀ ਰੱਖ ਰਹੇ ਹਾਂ... ਆਪਣੇ ਵਪਾਰਕ ਸੰਬੰਧਾਂ ਨੂੰ ਹੋਰ ਮਜ਼ਬੂਤ ਬਣਾਕੇ ਅਤੇ ਆਪਣੀਆਂ ਬਰਾਮਦਾਂ ਲਈ ਨਵੀਆਂ ਮੰਡੀਆਂ ਸਥਾਪਿਤ ਕਰ ਕੇ।*

## ਵਿਕਾਸ ਅਤੇ ਖੁਸ਼ਹਾਲੀ ਵੱਲ ਨੂੰ

ਬੁਨਿਆਦੀ ਢਾਂਚੇ ਉੱਤੇ ਤੇਜ਼-ਰਫਤਾਰ ਨਾਲ ਕੀਤੇ ਖ਼ਰਚ ਰਾਹੀਂ ਰੁਜ਼ਗਾਰ ਪੈਦਾ ਕਰਨ ਅਤੇ ਇੱਕ ਵਧੇਰੇ ਪ੍ਰਤੀਯੋਗੀ ਟੈਕਸ ਪ੍ਰਣਾਲੀ ਸਿਰਜਣ ਤੋਂ ਲੈ ਕੇ ਕੈਨੇਡਾ ਦਾ ਪੈਸਿਫਿਕ ਦੁਆਰ (Canada's Pacific Gateway) ਸਥਾਪਤ ਕਰਨ ਅਤੇ 2010 ਦੀਆਂ ਵੈਨਕੂਵਰ ਓਲੰਪਿਕ ਅਤੇ ਪੈਰਾਲੰਪਿਕ ਖੇਡਾਂ (Vancouver 2010 Olympic and Paralympic Winter Games) ਦੀ ਮੇਜ਼ਬਾਨੀ ਤਕ ਬ੍ਰਿਟਿਸ਼ ਕੋਲੰਬੀਆ ਭਵਿੱਖ ਦੇ ਵਿਕਾਸ ਅਤੇ ਖ਼ੁਸ਼ਹਾਲੀ ਦੀ ਉਸਾਰੀ ਕਰ ਰਿਹਾ ਹੈ।

2010 ਦੀਆਂ ਵਿੰਟਰ ਖੇਡਾਂ ਦੁਨੀਆਂ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਭ ਤੋਂ ਚੰਗੇ ਪੱਖ ਪੇਸ਼ ਕਰਨਗੀਆਂ, ਸੈਰ-ਸਪਾਟੇ ਅਤੇ ਵਪਾਰ ਵਿੱਚ ਨਵਾਂ ਵਾਧਾ ਕਰਨਗੀਆਂ, ਰੁਜ਼ਗਾਰ ਸਿਰਜਣਗੀਆਂ, ਅਤੇ ਅੰਦਾਜ਼ਨ $4 ਬਿਲੀਅਨ ਦੇ ਨਵੇਂ ਕਾਰੋਬਾਰ ਅਤੇ ਭਾਈਵਾਲੀਆਂ ਲੈ ਕੇ ਆਉਣਗੀਆਂ। ਖੇਡਾਂ ਵਾਧੇ ਅਤੇ ਵਿਕਾਸ ਦੇ ਇੱਕ ਨਵੇਂ ਯੁਗ ਦੀ ਸ਼ੁਰੂਆਤ ਕਰਨਗੀਆਂ।

ਏਸ਼ੀਆ-ਪੈਸਿਫਿਕ ਖ਼ਿੱਤੇ ਵਿੱਚ ਕਾਰੋਬਾਰੀ ਭਾਈਵਾਲਾਂ ਨਾਲ ਸੰਬੰਧ ਵਧਾ ਕੇ ਬੀ.ਸੀ. ਆਪਣੀ ਭੂਗੋਲਿਕ ਸਥਿਤੀ ਦਾ ਫਾਇਦਾ ਖੱਟਣਾ ਵੀ ਜਾਰੀ ਰੱਖ ਰਿਹਾ ਹੈ। ਇਸ ਨਾਲ ਨਵੇਂ ਰੁਜ਼ਗਾਰ ਪੈਦਾ ਹੋ ਰਹੇ ਹਨ ਅਤੇ ਸਾਡੇ ਸੂਬੇ ਦੇ ਹਰ ਰੀਜਨ ਵਿਚ ਨਿਵੇਸ਼ ਖਿੱਚਿਆ ਜਾ ਰਿਹਾ ਹੈ।

ਵਪਾਰ, ਨਿਵੇਸ਼ ਅਤੇ ਸੈਰ-ਸਪਾਟੇ ਦੇ ਲਿਹਾਜ਼ ਨਾਲ ਦੁਨੀਆਂ ਦੀ ਕੋਈ ਵੀ ਮੰਡੀ ਪੈਸਿਫਿਕ ਰਿੱਮ ਦੇ ਤੇਜ਼ੀ ਨਾਲ ਵਿਕਾਸ ਕਰਨ ਵਾਲੇ ਮੁਲਕਾਂ ਦੇ ਮੁਕਾਬਲੇ ਵਧੇਰੇ ਗੁੰਜਾਇਸ਼ ਪੇਸ਼ ਨਹੀਂ ਕਰਦੀ। ਕੈਨੇਡਾ ਦੇ ਪੈਸਿਫਿਕ ਦੁਆਰ ਦੇ ਤੌਰ 'ਤੇ ਇਸ ਮੰਡੀ ਵੱਲੋਂ ਪੇਸ਼ ਬੇਪਨਾਹ ਗੁੰਜਾਇਸ਼ ਨੂੰ ਵਿਕਸਤ ਕਰਨਾ ਜਾਰੀ ਰੱਖਣ ਲਈ ਅਸੀਂ ਇੱਕ ਖਾਸ ਜਗ੍ਹਾ 'ਤੇ ਸਥਿਤ ਹਾਂ।

ਜਿਉਂ-ਜਿਉਂ ਬ੍ਰਿਟਿਸ਼ ਕੋਲੰਬੀਆ ਔਖੇ ਆਰਥਿਕ ਹਾਲਾਤ ਵਿੱਚੋਂ ਉੱਭਰ ਰਿਹਾ ਹੈ, ਸਾਡੇ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਆਰਥਿਕ ਵਿਕਾਸ ਵਿਚ ਅਸੀਂ ਮੁਲਕ ਦੀ ਅਗਵਾਈ ਕਰਾਂਗੇ। ਬਜਟ ਅਪਡੇਟ ਇੱਕ ਅਜਿਹੀ ਵਿੱਤੀ ਯੋਜਨਾ ਹੈ ਜੋ ਚੰਗੇਰੇ ਭਵਿੱਖ ਦੀ ਬੁਨਿਆਦ ਰੱਖਦਿਆਂ ਅੱਜ ਦੀਆਂ ਚੁਣੌਤੀਆਂ ਦਾ ਸਾਮ੍ਹਣਾ ਕਰਦੀ ਹੈ।

## ਵਧੇਰੇ ਜਾਣਕਾਰੀ ਲਈ

ਸਤੰਬਰ ਬਜਟ ਅਪਡੇਟ 2009 ਬਾਰੇ ਵਧੇਰੇ ਵੇਰਵੇ ਹਾਸਲ ਕਰਨ ਲਈ ਵੈੱਬਸਾਈਟ ਵੇਖੋ:
www.bcbudget.ca

ਬੀ.ਸੀ. ਦਾ ਹਾਰਮੋਨਾਈਜ਼ਡ ਸੇਲਜ਼ ਟੈਕਸ (ਐੱਚ.ਐੱਸ.ਟੀ.):
www.gov.bc.ca/hst

ਮਨਿਸਟਰੀ ਆਫ਼ ਫਾਈਨੈਂਸ (Ministry of Finance )
ਵੈਨਕੂਵਰ 604 660-4524
ਟੌਲ-ਫ੍ਰੀ ਬੀ.ਸੀ. 1 877 388-4440
www.gov.bc.ca/contacts
www.gov.bc.ca/fin
ਈ-ਮੇਲ ਪਤਾ: CTBTaxQuestions@gov.bc.ca

BRITISH COLUMBIA
The Best Place on Earth

This paper contains post consumer recycled fiber. Production of this document included best practises for conservation resulting in environmental savings of: 185 kilograms of post-consumer waste used instead of virgin fiber, 101 kilograms of solid waste reduced, 924 litres of water reduced, 318 kilowatt hours of electricity reduced, and 183 kilograms of greenhouse gases reduced. Please Recycle.